5. ਹੇਠ ਲਿਖੇ ਅਲੰਕਾਰਾਂ ਵਿਚੋਂ ਕਿਸੇ ਦੋ ਦੀ ਪਰਿਭਾਸ਼ਾ ਗੁਣ-ਲੱਛਣ ਉਦਾਹਰਣ ਸਹਿਤ ਸਪੱਸ਼ਟ ਕਰੋ :

(ੳ) ਅਤਿਕਥਨੀ

(ਅ) ਉਪਮਾ

(ੲ) ਰੂਪਕ

(ਸ) ਲੋਕੋਕਤੀ

6. ਹੇਠ ਲਿਖੇ ਵਾਕਾਂ ਲਈ ਢੁੱਕਵਾਂ ਇੱਕ ਸ਼ਬਦ ਲਿਖੋ :

I. ਜਿਹੜੀ ਗੱਲ ਬਹੁਤ ਵਧਾ-ਚੜ੍ਹਾ ਕੇ ਆਖੀ ਜਾਵੇ

II. ਜਦੋਂ ਮੀਂਹ ਦੀ ਘਾਟ ਹੋਵੇ।

III. ਦੂਸਰੇ ਲੋਕਾਂ ਦਾ ਭਲਾ ਕਰਨਾ।

IV. ਮੌਤ ਪਿਛੋ ਆਇਆ ਸਾਲਾਨਾ ਮੌਤ ਦਾ ਦਿਨ

V. ਜਿਹੜਾ ਹਰ ਥਾਂ ਮੌਜੂਦ ਹੋਵੇ।

VI. ਉਹ ਧਰਤੀ ਜੋ ਰੇਤਲੀ ਹੋਵੇ।

VII. ਸੱਪ ਦਾ ਬੱਚਾ।

VIII. ਉਹ ਮਝ ਜੋ ਹਰ ਸਾਲ ਸੂਆ ਦੇਵੇ।

IX. ਚੰਹੁ ਮੂੰਹਾ ਵਾਲਾ।

X. ਅਮਨ-ਚੈਨ ਦੀ ਅਵਹੌਂਦ

XI. ਦਰਿਆ ਵਿਚ ਸੁੱਕੀ ਥਾਂ

XII. ਦੋ ਪੈਰਾ ਵਾਲਾ ਜਾਨਵਰ।





# 32205

## B.A. & Hons. (Subsidiary) EXAMINATION

(Fourth Semester) (Re-appear Only)

Punjabi (Elective)

*Time : 3 Hours*] [*Maximum Marks :* 80

**ਨੋਟ** : ਸਾਰੇ ਪ੍ਰਸ਼ਨ ਲਾਜ਼ਮੀ ਹਨ।

1. ਹੇਠ ਲਿਖੇ ਕਵੀਆਂ ਵਿਚੋਂ ਕਿਸੇ ਇੱਕ ਦੇ ਜੀਵਨ ਅਤੇ ਰਚਨਾ ਉਪਰ ਨੋਟ ਲਿਖੋ :

(ੳ) ਵਜੀਦ

(ਅ) ਸ਼ਾਹ ਮੁਹੰਮਦ

2. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੲ) ਇਕਨ ਮਹਲ ਉਸਾਰੇ ਸੰਗਟ ਮਾੜੀਆਂ।
ਇਕ ਭਾਰ ਉਠਾਇ ਸਿਰ ਤੇ ਖਾਰੀਆਂ
ਇਕਨਾਂ ਦੇ ਹੇਠ ਤੁੱਰੇ, ਇਕ ਫਿਰਦੇ ਦਰੋ-ਦਰ।
ਬਜੀਦਾ ਕੌਨ ਸਾਹਿਬ ਨੂੰ ਆਖੈ, ਇਉਂ ਨਹੀਂ ਇੰਜ ਕਰ।

(ਅ) ਜ਼ਾਲ ਜਰਾ ਨਾ ਤਾਕਤ ਰਹੀ ਤਨ ਵਿਚ,
ਗਾਂਦੀ ਸੁੰਦਰਾਂ ਗਮਾਂ ਦੇ ਗੀਤ ਲੋਕੋ।
ਮੈਂ ਤਾਂ ਭੁੱਲੀ ਆ ਤੁਸੀਂ ਨਾ ਭੁਲਿਓ ਜੇ ਲਾਇਓ
ਜੋਗੀਆਂ ਨਾਲ ਨਾ ਪ੍ਰੀਤ ਲੋਕੋ।
ਜੰਗਲ ਗਏ ਨਾ ਬਹੁੜੇ ਸੁੰਦਰਾ ਨੂੰ,
ਜੋਗੀ ਨਹੀਂ ਜੇ ਕਿਸੇ ਦੇ ਮੀਤ ਲੋਕੋ।
ਕਾਦਰਯਾਰ ਪਿਛਾ ਖੜੀ ਦੇਖਦੀ ਮਾਂ,
ਖੁਸ਼ ਵਕਤ ਵੀ ਹੋਇਆ ਬਤੀਤ ਲੋਕੋ

(ੲ) ਜਦ ਪੀਰ ਮੁਹੰਮਦ ਚੱਲਿਆ,
ਕਰ ਸਫ਼ਰ ਤਿਆਰੀ
ਤੇ ਚੜ੍ਹਿਆਂ ਨਾਲ ਸਰਦਾਰ ਵੀ
ਫੜ ਖਾਸ ਸਵਾਰੀ
ਪਰ ਰੁਸਤਮ ਮਾਉ ਜੰਮਿਆ,
ਜਿਨ ਦੂਜੀ ਵਾਰੀ।
ਤੇ ਦੌਲਤ ਦੁਨੀਆਂ ਦੀਨ ਵੀ,
ਉਹ ਆਹੀ ਸਵਾਰੀ।



(ਸ) ਇਕ ਰੋਜ ਵਡਾਲੇ ਦੇ ਵਿਚ ਬੈਠੇ,
ਚੱਲੀ ਆਣ ਫਰੰਗੀ ਦੀ ਬਾਤ ਆਈ,
ਸਾਨੂੰ ਆਖਿਆਂ ਹੀਰੇ ਤੇ ਨੂਰ ਥਾਂ ਨੇ
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਈ
ਰਾਜੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰਾਂ ਦੋਹਾ ਦੇ ਉੱਤੇ ਆਫ਼ਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ।

3. ਮੱਧ ਕਾਲ ਨੂੰ ਕਿੱਸਾ ਕਾਵਿ ਦਾ ਸੁਨਹਿਰੀ ਕਾਲ ਕਿਉਂ ਮੰਨਿਆਂ ਜਾਂਦਾ ਹੈ।

ਜਾਂ

1701–1850 ਈ. ਤੱਕ ਉਪਜੀ ਸੂਫ਼ੀ ਕਵਿਤਾ ਬਾਰੇ ਜਾਣ-ਪਛਾਣ ਕਰਾਉ।

4. ਹੇਠ ਲਿਖੇ ਵਿਸ਼ਿਆਂ ਵਿਚੋਂ ਇੱਕ ਉਪਰ 500 ਸ਼ਬਦਾ ਦਾ ਭਾਵਪੂਰਤ ਪੈਰਾ ਰਚਨਾ ਕਰੋ।
(ੳ) ਵਾਤਾਵਰਣ ਪ੍ਰਦੂਸ਼ਣ
(ਅ) ਇੰਟਰਨੈਟ
(ੲ) ਮਹਿੰਗਾਈ

7. ਹੇਠ ਲਿਖੇ ਅੰਗਰੇਜ਼ੀ ਸ਼ਬਦਾਂ ਵਿਚੋਂ ਦਸ ਦਾ ਪੰਜਾਬੀ ਰੂਪ ਲਿਖੋ :

Pathos, Opera, Maxim, Note, Work, Verse, Tradition, Simite, Prosody, Vision, Syntax, Production

8. ਹੇਠ ਲਿਖੇ ਵਸਤੂਨਿਸ਼ਟ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :

I. ਸ਼ਲੋਕ ਕਿਸ ਕਵੀ ਦੀ ਰਚਨਾ ਹੈ :

(ੳ) ਬੁੱਲ੍ਹੇ ਸ਼ਾਹ

(ਅ) ਸ਼ਾਹ ਹੁਸੈਨ

(ੲ) ਸ਼ਾਹ ਮੁਹੰਮਦ

(ਸ) ਵਜੀਦ

II. ਹੀਰ ਦੀ ਨਨਾਣ ਦਾ ਨਾਂ ਕੀ ਸੀ ?

(ੳ) ਸੱਸੀ

(ਅ) ਮਲਕੀ

(ੲ) ਸਹਿਤੀ

(ਸ) ਮੈਰਫ਼ਾ

III. ਕਾਦਰਯਾਰ ਕਿਸ ਕਾਲ ਦਾ ਕਵੀ ਹੈ ?

(ੳ) ਆਦਿ ਕਾਲ

(ਅ) ਸਿੱਖ ਰਾਜ ਕਾਲ

(ੲ) ਗੁਰੂ ਨਾਨਕ ਕਾਲ

(ਸ) ਵਰਤਮਾਨ ਕਾਲ

IV. ਫੇਰੂ ਸ਼ਹਿਰ ਵਿੱਚ ਕਿੰਨੇ ਅੰਗਰੇਜ ਮਾਰੇ ਗਏ ਸਨ ?

(ੳ) ਇੱਕ ਹਜਾਰ

(ਅ) ਦੋ ਹਜਾਰ

(ੲ) ਚਾਰ ਹਜਾਰ

(ਸ) ਤਿੰਨ ਹਜਾਰ

V. ਪੰਜਾਬ ਦਾ ਕੌਮੀ ਕਵੀ ਕਿਸ ਨੂੰ ਕਿਹਾ ਜਾਂਦਾ ਹੈ ?

(ੳ) ਸ਼ਾਹ ਮੁਹੰਮਦ

(ਅ) ਸ਼ਾਹ ਸਰਫ਼

(ੲ) ਸ਼ਾਹ ਹੁਸੈਨ

(ਸ) ਸ਼ਾਹ ਮਖਦੂਸ

VI. ਮੱਧ ਕਾਲ ਨੂੰ ਕਿਹੜੀ ਕਾਵਿ-ਧਾਰਾ ਦਾ 'ਸੁਨਹਿਰੀ ਕਾਲ' ਕਿਹਾ ਜਾਂਦਾ ਹੈ ?

(ੳ) ਕਿੱਸਾ ਕਾਵਿ ਧਾਰਾ

(ਅ) ਸੂਫ਼ੀ ਕਾਵਿ-ਧਾਰਾ

(ੲ) ਗੁਰਮਤਿ ਕਾਵਿ-ਧਾਰਾ

(ਸ) ਵੀਰ ਕਾਵਿ-ਧਾਰਾ

VII. ਬੁੱਲ੍ਹੇ ਸ਼ਾਹ ਕਿਹੜੇ ਇਸ਼ਕ ਦੀ ਗੱਲ ਕਰਦਾ ਹੈ ?

(ੳ) ਹਕੀਕੀ

(ਅ) ਬਜ਼ਾਰੀ

(ੲ) ਮਿਜ਼ਾਜੀ

(ਸ) ਚਲਾਊ



VIII. ਫਕੀਰ ਬਣਨ ਤੋ ਪਹਿਲਾ ਵਜੀਦ ਕੀ ਕਰਦਾ ਸੀ ?

(ੳ) ਵਪਾਰ

(ਅ) ਨੌਕਰੀ

(ੲ) ਸ਼ਿਕਾਰ

(ਸ) ਪੂਜਾ-ਪਾਠ

IX. ਹਾਸ਼ਮ ਦੀ ਸ਼ੈਲੀ ਕਿਹੋ ਜਿਹੀ ਹੈ ?

(ੳ) ਸੰਜਮ ਤੇ ਵਲਵਲੇ ਭਰਪੂਰ

(ਅ) ਸੰਕੇਤਕ

(ੲ) ਵਿਸਥਾਰ ਮਈ

(ਸ) ਪ੍ਰਤੀਕਾ ਤਮਕ

X. 'ਗੁਰੂ ਗੋਬਿੰਦ ਸਿੰਘ ਦੀ ਵਾਰ' ਦਾ ਕਰਤਾ ਕੌਣ ਹੈ ?

(ੳ) ਮਨੀ ਸਿੰਘ

(ਅ) ਭਾਈ ਗੁਰਦਾਸ

(ੲ) ਗੁੰਮਨਾਮ ਕਵੀ

(ਸ) ਅਣੀ ਗਇ 10